ਭਗਵੰਤ ਸਿੰਘ ਦਲਾਵਰੀ



# ਮਨ ਖਿੜਿਆ ਹਰਿਆ ਬਾਗ



***ਗੁਰੂ** ਗ੍ਰੰਥ ਸਾਹਿਬ* ਨੂੰ ਜਦੋਂ ਅਸੀਂ ਸ਼ਰਧਾ ਨਾਲ ਅੰਦਰੋ ਗੁਰੂ ਮੰਨ ਲੈਂਦੇ ਹਾਂ ਤੇ ਕੇਵਲ ਦੰਦ ਕਥਨੀ ਨਹੀਂ ਕਰਦੇ ਤਾਂ ਗੁਰੂ ਦੀਆਂ ਕਰਾਮਾਤਾਂ ਆਪਣੇ ਆਪ ਰਹਿਮਤਾਂ ਵਰਸਾਣ ਲਗਦੀਆਂ ਹਨ। ਹੈਰਾਨੀ ਇਸ ਗੱਲ ਦੀ ਨਹੀਂ ਹੁੰਦੀ ਕਿ ਅਸੀਂ ਗਲੀਆਂ ਵਿਚ ਰੁਲਣ ਵਾਲੇ ਕਖ ਕਿਵੇਂ ਕੁਝ ਬਣਾ ਦਿਤੇ ਗਏ ਹਨ ਬਲਕਿ ਮਨ ਵਿਚ ਸਵਾਲ ਉਠਦਾ ਹੈ ਕਿ ਇਤਨੀ ਦੇਰ ਕਿਉਂ ਗੁਰੂ ਦੀ ਨਜ਼ਰ ਤੋਂ ਵਾਂਝੇ ਰਹੇ। ਅਸਲ ਵਿਚ ਕਿਉਂਕਿ ਸਾਰੇ ਗੁਰੂ ਸਾਹਿਬਾਨ (hypocrisy) ਤੋਂ ਉਪਰ ਉਠ ਕੇ ਆਪਣੀ ਕਥਨੀ-ਕਰਨੀ ਇਕ ਦਿਖਾ ਕੇ ਸਿੱਖਾਂ ਕੋਲੋਂ ਵੀ ਉਮੀਦ ਕਰਦੇ ਰਹੇ ਕਿ ਸਾਡਾ ਕਿਰਦਾਰ ਵੀ ਬਿਲਕੁਲ ਇਹੋ ਜਿਹਾ ਹੋਵੇਗਾ ਤੇ ਸਾਡੇ ਬਜ਼ੁਰਗਾਂ ਨੇ ਇਹ ਕਰ ਦਿਖਾਇਆ, ਪਰ ਸਾਨੂੰ ਇਹ ਮੁਸ਼ਕਲ ਜਾਪਦਾ ਹੈ ਕਿ ਅਸੀਂ ਉਹਨਾਂ ਦੇ ਨਕਸ਼ੇ-ਕਦਮ ਤੇ ਚਲ ਸਕੀਏ। "ਪਰ ਅਸੀਂ ਧਾਰਮਕ ਵੀ ਹਾਂ" ਇਸ ਪਦਵੀ ਤੋਂ ਵਾਂਝੇ ਨਾ ਰਹਿਣ ਦੇ ਸ਼ੌਂਕ ਤੋਂ ਉਪਜੀ ਸਾਡੀ ਸ਼ਰਧਾਹੀਨ ਕਰਮਕਾਂਡੀ ਭਗਤੀ, ਜਿਸਨੂੰ ਗੁਰੂਆਂ ਨੇ ਨਾ ਕੇਵਲ ਖੰਡਿਆ ਸੀ ਬਲਕਿ ਗੈਰਉਪਯੋਗੀ ਵੀ ਦਸਿਆ ਸੀ।

ਜਦੋਂ ਪੰਜਾਬ ਦੇ ਪਿੰਡਾਂ ਵਿਚ ਭੋਲੇ-ਭਾਲੇ ਲੋਕ ਸਿੱਖ ਅਖਵਾਣ ਵਾਲੇ ਭਾੜੇ ਦੇ ਟਟੂਆਂ, ਭਾਈਆਂ, ਪਾਠੀਆਂ ਤੇ ਪੈਸੇ ਦੇ ਲਾਲਚ ਵਿਚ ਵਹਿਮ ਫੈਲਾਣ ਵਾਲੇ ਸਾਡੇ ਅਖੌਤੀ ਪਰਚਾਰਕਾਂ ਦੇ ਢਏ ਚੜ੍ਹੇ ਰਹਿੰਦੇ ਹਨ, ਤੇ ਪੰਜਾਬ ਦੇ ਬਾਹਰ ਪੈਸੇ ਦੀ ਧੁਨ ਵਿਚ ਐਸ਼ੋ-ਇਸ਼ਰਤ ਤੇ ਸ਼ਰਾਬ ਦੇ ਨਸ਼ੇ ਵਿਚ ਸਾਡਾ ਜ਼ਮੀਰ ਤਬਕਾ ਕੇਵਲ ਬਾਹਰਲੇ ਕਰਮਕਾਂਡੀ ਵਿਕਾਰਾਂ ਵਿਚ ਸੰਗਰਾਂਦਾਂ, ਮਸਿਆਵਾਂ, ਥਿਤੀ-ਵਾਰਾਂ ਵਿਚ ਫਸ ਕੇ ਬਗੈਰ ਗੁਰੂ ਦੇ ਸ਼ਬਦ ਦੀ ਅਗੁਆਈ ਲਇਆਂ ਆਪਣੀ ਪ੍ਰੇਮਾਹੀਨ ਭਗਤੀ ਦਾ ਵਿਖਾਵਾ ਕਰਦੇ ਹਨ ਤਾਂ ਅਸੀਂ ਇਕ ਪਾਸੇ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਾਂ ਅਤੇ ਦੂਜੇ ਪਾਸੇ ਆਪਣੇ ਆਪ ਨੂੰ ਧੋਖਾ ਦੇਂਦੇ ਰਹਿੰਦੇ ਹਾਂ ਕਿ ਅਸੀਂ ਵੀ ਧਾਰਮਕ ਹਾਂ।

ਇਸੇ ਲਈ ਖੇੜਾ, ਖੁਸ਼ੀ, ਅਨੰਦ, ਪ੍ਰੇਮ, ਸਹਿਜ, ਸ਼ਾਂਤੀ, ਧੀਰਜ, ਸਹਿਨਸ਼ੀਲਤਾ ਨਿਮਰਤਾ ਸਾਡੇ ਜੀਵਨ 'ਚੋਂ ਪ੍ਰਗਟ ਨਹੀਂ ਹੁੰਦੀ। ਸਾਡੇ ਗੁਰੂ ਨੇ ਤਾਂ ਸਾਡੇ ਲਈ ਪਕਾ ਕਰ ਦਿੱਤਾ ਸੀ—*(1) "ਸਦਾ ਅਨੰਦਿ ਰਹਹਿ ਦਿਨੁ ਰਾਤੀ"....(ਪੰਨਾ 466), (2) ਨਿਸਿਬਾਸੁਰ ਪ੍ਰਿਅ ਸੰਗਿ ਅਨੰਦ" (ਪੰਨਾ 372), (3) ਸੁਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ" (ਪੰਨਾ 397), (4) "ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਬਿੰਦਾ" (ਪੰਨਾ 1096), (5) "ਨਾਨਕ*

ਚਰਨ ਗਹੇ ਪ੍ਰਭ ਅਪਨੈ ਸੁਖੁ ਪਾਇਓ ਦਿਨ ਰਾਤਿ'' (ਪੰਨਾ 681)।

ਕਦੇ ਅਸੀਂ ਵਿਚਾਰਿਆ ਹੈ ਕਿ ਸਾਡੀ ਹਾਲਤ ਇਹੋ ਜਿਹੀ ਕਿਉਂ ਹੋਵੇ। ਵੇਖੋ, ''ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ॥ ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ'' ॥(ਪੰਨਾ 397), ਮਤਲਬ ਇਹੋ ਹੋਇਆ ਕਿ ਅਸੀਂ ਆਪਣੇ ਗੁਰੂ ਦੀਆਂ ਤਿੰਨ ਗੱਲਾਂ ਨਹੀਂ ਸਮਝੇ—

(1) ''ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥''............(ਤ੍ਵ ਪ੍ਰਸਾਦਿ ਸ੍ਵਯੇ)

(2) ''ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ ॥''...(ਪੰਨਾ 253)

(3) ''ਐਸੀ ਪ੍ਰੀਤਿ ਕਰਹੁ ਮਨ ਮੇਰੇ ॥ ਆਠ ਪਹਰ ਪ੍ਰਭ ਜਾਨਹੁ ਨੇਰੇ ॥''.....(ਪੰਨਾ 807)

ਗੁਰਮਤਿ ਰਾਹੀਂ ਖੇੜੇ ਦਾ ਮਤਲਬ ਹੈ ਕਿ ਸਾਡਾ ਅੰਦਰਲਾ "ਗੁਰੂ ਦੀ Warmth ਨੂੰ ਮਹਿਸੂਸ ਕਰੇ, ਆਪਣੇ ਗੁਨਾਹਾਂ ਨੂੰ ਪਛਾਣੇ, ਸ਼ਰਮਿੰਦਾ ਹੋਵੇ ਅਤੇ ਢਹਿ ਪਵੇ ਉਸ ਗੁਰੂ ਅੱਗੇ ਜਿਸਨੇ ਇਹ ਆਸ਼ਵਾਸਨ ਦਿੱਤੇ ਹਨ—(1) ''ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥'' (ਪੰਨਾ 742), (2) ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ'' (ਪੰਨਾ 670), ਇਹਨਾਂ ਦੋ ਵਾਕਾਂ ਵਿਚ ਦੋ ਗੱਲਾਂ ਇਕੋ ਜਿਹੀਆਂ ਹਨ। ਇਕ ਗੱਲ ਹੈ ਕਿ ਪ੍ਰਭੂ ਖਿਨ ਵਿਚ (at once) ਮੁਆਫ ਕਰਦਾ ਹੈ। ਭਾਵੇਂ ਸਾਡੇ ਪਾਪ ਗਿਣਤੀ ਵਿਚ ਕਰੋੜਾਂ ਹੋਣ, ਸੰਗੀਨ ਹੋਣ। ਦੂਜੀ ਗੱਲ, ਪ੍ਰਭੂ ਦੀ ਦਇਆ ਹੋਣੀ ਜ਼ਰੂਰੀ ਹੈ ਤੇ ਇਹ ਦਇਆਲਤਾ ਬਰਾਬਰ ਹੈ ਨਾਮ ਸਿਮਰਨ ਦੇ।

ਇਤਨਾ ਮਹਾਨ ਫਲਸਫਾ, ਇਤਨੀ ਮਹਾਨ ਛੂਟ ਤੇ ਵਿਸ਼ਾਲਤਾ, ਫਿਰ ਅਸੀਂ ਕਿਉਂ ਕੋਰੇ ਦੇ ਕੋਰੇ। ਕਈ ਵਾਰ ਤਾਂ ਹੈਰਾਨ ਹੁੰਦਾ ਹਾਂ ਕਿ ਸਾਰਾ ਦਿਨ ਗੁਟਕਾ ਪਕੜੀ ਰਖਣ ਵਾਲੇ ਵੀ ਚੇਹਰੇ ਤੇ ਫਿਕਰ-ਚਿੰਤਾ ਹੀ ਦਿਖਾਂਦੇ ਹਨ। ਜਾਂ ਨਿੰਦਿਆਂ ਚੁਗਲੀ ਵਿਚ ਮਾਹਿਰ ਬਣ ਕੇ ਇਕ ਦੂਜੇ ਦੀਆਂ ਗੱਲਾਂ ਕਰਦੇ ਤੇ ਫਿਰ ਡਰਦੇ ਵੀ ਇਹ ਕਹਿ ਕੇ "ਕਿਸੇ ਨੂੰ ਦਸਣਾ ਨਾ।"

ਆਉ ਹੁਣ ਖੇੜੇ ਦਾ ਰਾਜ਼ ਢੂੰਢੀਏ।

1. ਜੋ ਗੁਰੂ ਦੇ ਆਸ਼ੇ ਹਨ ਸਾਨੂੰ ਸਮਝਾਣ ਵਿਚ, ਉਹਨਾਂ ਨੂੰ ਗ੍ਰਹਿਣ ਕਰੀਏ। ਉਹ ਆਸ਼ੇ ਹਨ—

ਸਾਡਾ ਹਰ ਕਿਸੇ ਨਾਲ ਪਿਆਰ ਹੋਵੇ, ਹਮਦਰਦੀ ਹੋਵੇ, ਸਰਬਤ ਦਾ ਭਲਾ ਮੰਗੀਏ ਤੇ ਆਪਣੇ ਆਪ ਨੂੰ ਨਿਮਰਤਾ ਵਿਚ ਰਖੀਏ— ''ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥'' (ਪੰਨਾ 266) ਅਤੇ ਨਾਨਕ ਤਿਸਦਾ ਸਭ ਕਿਛ ਹੋਵੈ ਜੇ ਵਿਚਹੁ ਆਪ ਗਵਾਇ (ਪੰਨਾ 22) ਸਾਡੇ ਅੰਦਰੋ ਵਿਕਾਰਾਂ ਦੀ ਮੈਲ ਨਿਕਲ ਜਾਏ। ਵਿਕਾਰ ਉਪਜਦੇ ਹਨ ਪੰਜਾਂ ਚੋਰਾਂ ਨਾਲ ਦੋਸਤੀ ਕਰਨ ਕਰਕੇ। ਜੇ ਅਸੀਂ ਗੁਰੂ ਨੂੰ ਆਪਣਾ ਸੱਚਾ ਮਿਤ੍ਰ ਸਮਝ ਲਈਏ ਤੇ ਗੁਰੂ ਦੀ ਬਾਣੀ ਤੇ ਭਰੋਸਾ ਕਰਕੇ ਆਪਣਾ ਜੀਵਨ ਗੁਜਾਰੀਏ ਤਾਂ ਮੈਨੂੰ ਲਗਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਇਕ ਵਾਰ ਤਾਂ ਕਹਿੰਦੇ ਹਨ, ''ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥'' (ਪੰਨਾ 205) ਪਰ ਪ੍ਰਭੂ ਦੀ ਸ਼ਰਣ ਵਿਚ ਆਪਣਾ ਆਪ ਮਿਟਾ ਕੇ ਜਦ ਉਹਦੀ ਰਹਿਮਤ ਪਾ ਲੈਂਦੇ ਹਨ ਤਾਂ ਕਹਿ ਉਠਦੇ ਹਨ, ਦੇਖਹੁ ਅਚਰਜ ਭਇਆ..... ਜੋਇ ਦੂਤ ਮੋਹਿ ਬਹੁਤ ਸੰਤਾਵਤ ਤੇ ਭਇਆਨਕ ਭਇਆ ॥ ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥'' (ਪੰਨਾ 612) ਫਿਰ ਖੇੜਾ ਨਹੀਂ ਉਪਜੇਗਾ ਸਾਡੇ ਅੰਦਰ ਤੇ ਚਿੰਤਾ ਰਹਿਤ ਨਹੀਂ ਹੋ ਜਾਵਾਂਗੇ ਅਸੀਂ ਗੁਰੂ ਚਰਨਾਂ ਦੇ ਆਸੁਰਮ ਵਿਚ ?

2. ਦੂਜਾ ਰਾਜ਼ ਹੈ ਗੁਰੂ ਦੀ ਗੁਲਾਮੀ। ਜਿਵੇਂ ਗੁਰੂ ਅੰਗਦ ਦੇਵ ਜੀ ਕਹਿੰਦੇ ਹਨ- ''ਚਾਕੁਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ ਹੁਰਮਤਿ ਤਿਸਨੋ ਅਗਲੀ ਓਹੁ ਵਜਹੁਭਿ ਦੂਣਾ ਖਾਇ ॥'' (ਪੰਨਾ 474) ਅਤੇ ਗੁਰੂ ਅਰਜਨ ਦੇਵ ਜੀ, ''ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥'' (ਪੰਨਾ 403)

ਮੇਰਾ ਨਿਜੀ ਅਨੁਭਵ ਵੀ ਹੈ ਤੇ ਗੁਰੂ ਦੀ ਰਹਿਮਤ ਦਾ ਪਰਤਖ ਸਬੂਤ ਵੀ ਕਿ ਜਦ ਕਰਮਕਾਂਡੀ ਭਗਤੀ ਤੋਂ ਹਟ ਕੇ ਗੁਰੂ ਗ੍ਰੰਥ ਸਾਹਿਬ ਨੂੰ ਪਰਤਖ ਗੁਰੂ ਜਾਣ ਕੇ, ਬਾਣੀ ਤੇ ਅਮਲ ਕਰ ਕੇ ਆਪਣਾ ਪਿਆਰ ਦ੍ਰਿੜ ਕਰਦੇ ਹਾਂ ਤਾਂ ''ਚਾਦਨਾ ਚਾਦਨੁ ਆਂਗਨਿ'' ਇਸ ਤਰਾਂ ਪਰਚੰਡ ਹੁੰਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਆਪ ਲਿਖਦੇ ਹਨ— ''ਗੁਰ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ'' (ਪੰਨਾ 609), ਜਾਂ ਗੁਰੂ ਰਾਮਦਾਸ ਜੀ ਦ੍ਰਿੜ ਕਰਾਂਦੇ ਹਨ, ''ਜਿਨ ਮਸਤਕਿ ਧੁਰ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥'' (ਪੰਨਾ 450) ਸਵਾਲ ਹੈ ਕਰਮਕਾਂਡੀ ਭਗਤੀਂ ਤੋਂ ਬਚ ਕੇ ਪ੍ਰੇਮਾਭਗਤੀ ਵਿਚ ਆਪਣਾ ਆਪ ਮਿਟਾਣਾ।

ਆਓ ਹੋਰ ਵੇਖੋ। ਭਾਵੇਂ ਦੋ ਗੁਰੂ ਸਾਹਿਬਾਨਾਂ ਨੇ ਬਾਰਹਮਾਹ ਰਚਿਆ, ਹੋਰ ਥਿਤੀ-ਵਾਰਾਂ ਬਾਰੇ ਲਿਖਿਆ, ਜਾਂ ਸਾਵਣ, ਬਸੰਤ ਦੇ ਸੰਦਰਭ ਵਿਚ ਸ਼ਬਦ ਲਿਖੇ ਪਰ ਨੁਕਤਾ ਇਕੋ ਸੀ—ਬਿਨ ਨਾਵੈ ਸਭ ਕੂੜ। ਵੇਖੋ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ— ''ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟ ਭਲੇਰੀ ਰੁਤਿ ॥'' (ਪੰਨਾ 318) ਇਸੇ ਤਰਾਂ ਸਾਵਣ ਦੇ ਸੰਬੰਧ ਵਿਚ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਇਕ ਸਲੋਕ - ''ਸਾਵਣ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥ ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ ॥ ਅਤੇ, ''ਸਾਵਣ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥ ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹਿ ਨਾਲਿ ਪਿਆਰੁ ॥ (ਪੰਨਾ 1280)

ਨੋਟ ਕਰੀਏ, ਸਾਵਣ ਦੇ ਮਹੀਨੇ ਵਿਚ ਖੇੜਾ ਨਹੀਂ, ਕਿਸੇ ਰੁਤ ਦੀ ਮਹਤਤਾ ਨਹੀਂ, ਕਿਸੇ ਮਹੀਨੇ ਦੀ ਵਿਸ਼ੇਸ਼ਤਾ ਨਹੀਂ, ਵਿਸ਼ੇਸ਼ਤਾ ਹੈਂ ਤਾਂ ਕੇਵਲ ਨਾਮ ਦੀ ਤੇ ਜਦੋਂ ਨਾਮ ਦੀ ਹਜ਼ੂਰੀ ਵਿਚ ਰਹਿੰਦੇ ਹਾਂ, ਹਰ ਥਾਂ, ਹਰ ਮੌਸਮ, ਹਰ ਮਾਹ, ਹਰ ਵਾਰ, ਹਰ ਪਲ, ਖੇੜੇ ਦਾ ਭਰਿਆ ਹੁੰਦਾ ਹੈ। ਇਹ ਲੇਖ ਲਿਖਣ ਦਾ ਮਨ ਤਾਂ ਬਣਿਆ ਜਦ ਹਰਿਮੰਦਿਰ ਸਾਹਿਬ ਤੋਂ ਅੱਜ ਅੰਮ੍ਰਿਤ ਵੇਲੇ ਇਹ ਸਲੋਕ ਗਾਇਆ

ਗਇਆ— ***"ਨਾਨਕ ਤਿਨਾ ਬਸੰਤੁ ਹੈ ਜਿਨ੍ਹਿ ਘਰਿ ਵਸਿਆ ਕੰਤੁ ॥ ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥ (ਪੰਨਾ 731)*** —ਤਾਂ ਮੈਂ ਇਕ ਤਰਾਂ ਦੀ ਗੁਰਮਤਿ ਵਿਚਾਰਾਂ ਦੀ ਸਮਾਧੀ ਵਿਚ ਅੰਦਰੋਂ ਖੋਜਣ ਲਗ ਪਇਆ ਗੁਰਬਾਨੀ ਦੀ ਪੂਰਨ ਸਚਾਈ।

ਜਦ ਮੈਂ ਕੋਈ 12-13 ਸਾਲ ਦਾ ਹੁੰਦਾ ਸਾਂ ਤੇ ਦੂਜੀ World War ਚਲ ਰਹੀ ਸੀ, ਮੈਂ ਆਪਣੀ ਭੈਣ ਤੇ ਭਰਜਾਈ ਨੂੰ ਗੁਰਬਾਨੀ ਦੇ ਸੰਦਰਭ ਵਿਚ ਦੇਖਿਆ। ਦੋਵੇਂ ਨਵੀਆਂ ਵਿਹਾਈਆਂ ਸਨ ਤੇ ਦੁਹਾਂ ਦੇ ਪਤੀ ਹਿੰਦੁਸਤਾਨੀ ਫੌਜ ਵਲੋਂ ਬਸਰਾ ਦੀ ਲੜਾਈ ਤੇ ਗਏ ਹੋਏ ਸਨ। ਜਿਵੇਂ ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ***"ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ"***, ਮੈਂ ਤਕਦਾ ਸੀ ਕਿ ਉਹ ਤਕਰੀਬਨ ਹਰ ਵੇਲੇ ਉਦਾਸ ਰੋਣ ਹਾਕੀਆਂ ਹੁੰਦੀਆਂ ਸਨ ਕਿਉਂਕਿ ਭੈਣ ਵੀ ਸਾਡੇ ਹੀ ਘਰ ਰਹਿੰਦੀ ਸੀ। ਅਸੀਂ ਛੋਟੇ ਭੈਣ-ਭਰਾ ਦੁਨੀਆਂ ਤੋਂ ਬੇਖਬਰ, ਭੈਣ-ਭਰਜਾਈ ਨਾਲ ਵੀ ਸ਼ਰਾਰਤਾਂ ਕਰਦੇ ਲੜਦੇ-ਖਹਿਬੜਦੇ ਰਹਿੰਦੇ ਸਾਂ। ਮੇਰੇ ਪਿਤਾ ਜੀ ਜਦ ਦੇਖਦੇ ਤੇ ਨਾਲ ਹੀ ਇਨਹਾਂ ਦੋਵਾਂ ਦੀਆਂ ਅੱਖਾਂ ਵਿਚੋਂ ਅਥਰੂ ਲਿਸ਼ਕਦੇ ਤਕਦੇ ਤਾਂ ਸਾਨੂੰ ਡਾਂਟਦੇ-"ਇੰਜ ਨਾ ਕਰਿਆ ਕਰੋ, ਉਹ ਤਾਂ ਵਿਚਾਰੀਆਂ ਅੱਗੋਂ ਹੀ ਦੁਖੀ ਹਨ, ਉਹਨਾਂ ਦੇ ਘਰ ਵਾਲੇ ਪਰਦੇਸ ਗਏ ਹੋਏ ਹਨ ਲੜਾਈ ਤੇ। ਉਹ ਤਾਂ ਨਹੀਂ ਸਨ ਕਹਿੰਦੇ ਪਰ ਇਹ ਵੀ ਵਿਚਾਰ ਹੁੰਦੀ ਸੀ ਕਿ ਕਿਹੜੇ ਵੇਲੇ ਕੋਈ ਬੁਰੀ ਖਬਰ ਨਾ ਆ ਜਾਏ। ਹੁਣ ਜਦੋਂ ਮੈਂ ਆਪ ਆਪਣੇ ਪ੍ਰਭੂ ਦੀ ਸੁਹਾਗਣ ਬਨਣ ਲਈ ਤਰਸਦਾ ਹਾਂ ਤੇ ਗੁਰੂ ਅੰਗਦ ਦੇਵ ਜੀ ਦਾ ਆਪਾ ਮਾਰੂ ਜੀਵਨ ਤੇ ਝਾਤ ਮਾਰ ਉਹਨਾਂ ਦੇ ਲਫਜ਼ਾ ਦੀ ਤੜਪ ਨੂੰ ਪਛਾਨਣ ਦੀ ਕੋਸ਼ਿਸ਼ ਕਰਦਾ ਹਾਂ- ਸਾਫ ਦਿਸ ਆਉਂਦਾ ਹੈ ਕਿ ਸਵਾਲ ਦਿਨ ਦਾ, ਵਕਤ, ਰੁਤ ਦਾ ਨਹੀਂ, ਸਵਾਲ ਤਾਂ ਵਿਛੋੜੇ ਦਾ ਹੈ। ਅੱਜ ਗੁਰੂ ਦੇ ਬਚਨਾਂ ਰਾਹੀਂ ਮੈਂ ਖੇੜਾ ਮਾਣ ਰਿਹਾ ਹਾਂ ਕਿਉਂਕਿ ਗੁਰੂ ਦੀ ਬਾਣੀ ਵਿਚੋਂ ਰਸ ਚੋ ਰਿਹਾ ਹੈ ਤੇ ਮੈਂ ਇਹ ਰਸ ਅੰਦਰ ਮਾਣ ਰਿਹਾ ਹਾਂ, ਗੁਰੂ ਅਰਜਨ ਦੇਵ ਜੀ ਦੇ ਉਪਰਲੇ ਸਲੋਕ ਨੂੰ ਤੇ ਨਾਲ ਹੇਠਲੇ ਵਾਕਾਂ ਨੂੰ ਰਹਿਮਤ ਵਜੋਂ ਵੇਖਦਾ ਹਾਂ-***"ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦਿ ਬੀਚਾਰਾ ॥" (ਪੰਨਾ 102)***

ਉਪਰ ਲਿਖੇ ਸਲੋਕ ***"ਫਿਟੁ ਭਲੇਰੀ ਰੁਤਿ"*** ਵਿਚ ਦਸਦੇ ਹਨ ਕਿ ਸਾਰੀਆਂ ਰੁਤਾਂ ਫਿਟੇ ਮੂੰਹ ਹਨ ਜੋ ਪ੍ਰਭੂ ਵਿਸਰ ਜਾਂਦਾ ਹੈ ਤੇ ਉਹੀ ਦਿਨ ਸੁਖਦਾਈ, ਖੁਸ਼ਗਵਾਰ, ਖੇੜੇ ਭਰਿਆ ਹੈ ਜਿਸ ਦਿਨ ਪ੍ਰਭੂ ਚੇਤੇ ਆਉਂਦਾ ਹੈ। ਪਰ ਦੂਜੇ ਸ਼ਬਦ ***("ਝਿਮਿ ਝਿਮਿ ਵਰਸੈ.....")*** ਵਿਚ ਇੰਜ ਨਕਸ਼ ਬੰਨਦੇ ਹਨ ਕਿ ਮਨ ਗੁਰੂ ਦੇ ਸ਼ਬਦ ਦੀ ਵੀਚਾਰ ਕਰਦਿਆਂ ਉਹ ਰਸ ਅੰਦਰੋਂ ਅੰਦਰ ਪੀ ਰਿਹਾ ਹੈ ਜਿਹੜਾ 24 ਘੰਟੇ ਹਰ ਵੇਲੇ ਚੋਂਦਾ ਹੈ। ਇਸ ਕਰਕੇ ਨਾਮ ਦੇ ਅਗੇ ਨਾ ਕਿਸੇ ਰੁਤ, ਨਾ ਥਾਂ ਦੀ ਮਹਤਤਾ ਹੈ ਜਿਵੇਂ ਕਬੀਰ ਸਾਹਿਬ ਕਹਿੰਦੇ ਹਨ ਕਿ ਪਹਿਲਾਂ ਮੈਂ ਪ੍ਰਭੂ ਨੂੰ ਮਗਹਰ (ਜਿਹੜਾ ਮਨਹੂਸ ਸਮਝਿਆ ਜਾਂਦਾ ਸੀ) ਵਿਚ ਪਾਇਆ ਸੀ, ਕਾਂਸ਼ੀ ਤਾਂ ਬਾਅਦ ਵਿਚ ਆਏ, ਤੇ ਮਗਹਰ ਹੀ ਮਰਨਾ ਹੈ ਤੇ ਫਿਰ ਵੀ ਕਈਆਂ ਨੂੰ ਨਾਲ ਲੈ ਕੇ ਮੁਕਤ ਹੋ ਜਾਣਾ ਹੈ।

ਜਿਵੇਂ ਅੱਜ ਦੇ ਗੁਰੂ ਅੰਗਦ ਦੇਵ ਜੀ ਦੇ ਇਕ ਸਲੋਕ ਵਿਚੋਂ ਰਸ ਚੋਂਦਾ ਵੇਖ ਮਸਤ ਹੋ ਗਇਆ ਸੀ- ***"ਨਾਨਕ ਤਿਨਾ ਬਸੰਤੁ ਹੈ....."***. ਪੰਦਰਾਂ ਦਿਨ ਪਹਿਲਾਂ ਦੀ ਆਪਣੀ ਉਦਾਸੀ, ਵਿਛੜੀ ਹੋਈ ਹਾਲਤ ਤੇ ਪਰੇਸ਼ਾਨੀ ਦਾ ਨਕਸ਼ਾ ਸਾਮਣੇ ਆ ਗਇਆ- ***"ਜਿਨ ਕੇ ਕੰਤ ਦਿਸਾਪੁਰੀ.........ਜਲੰਤ"।*** ਪਰ ਭਗਤ ਰਾਮਾਨੰਦ ਜੀ ਨੇ ਤਾਂ ਬਸੰਤ ਦਾ ਖੇੜਾ ਹੋਰ ਵਿਸ਼ਾਲ ਕਰ ਦਿੱਤਾ ਇਹ ਕਹਿ ਕੇ ਕਿਤੇ ਜਾਣ ਦੀ ਲੋੜ ਹੀ ਨਹੀਂ-***"ਕਤ ਜਾਈਐ ਰੇ ਘਰਿ ਲਾਗੋ ਰੰਗੁ" (ਪੰਨਾ 1195),*** ਘਰ ਵਿਚ ਹੀ ਭਾਵ ਅੰਦਰ ਹੀ ਹਰ ਵੇਲੇ ਖੇੜਾ ਵਸ ਰਿਹਾ ਹੈ, ਪ੍ਰਭੂ ਦੇ ਪਿਆਰ ਦਾ ਰੰਗ ਲਗਾ ਹੋਇਆ ਹੈ। ਸਗੋਂ ਮੇਰਾ ਮਨ crippled ਹੋ ਗਇਆ ਹੈ, ਕਿਤੇ ਜਾਂਦਾ ਹੀ ਨਹੀਂ। ਸਗੋਂ ਇਕ ਦ੍ਰਿਸ਼ ਖਿਚਦੇ ਹਨ- "ਮੇਰੇ ਮਨ ਵਿਚ ਚਾਅ ਉਠਿਆ, ਮੈਂ ਪੂਜਾ ਸਾਮਗ੍ਰੀ-ਅਤਰ, ਚੰਦਨ ਤੇ ਹੋਰ ਸੁਗੰਧਤ ਭਗਤੀ ਦਾ ਸਮਾਨ ਲੈਕੇ ਮੰਦਰ ਪਹੁੰਚਾ ਤਾਂ ਅੱਗੋਂ ਪ੍ਰਭੂ ਕਹਿਣ ਲਗੇ, ਉਇ ਮੈਂ ਤਾਂ ਤੇਰੇ ਅੰਦਰ ਹੀ ਵਸਦਾ ਹਾਂ, ਹਰ ਥਾਂ, ਜਲ ਤੇ ਪਥਰ ਵਿਚ ਵੀ ਤੇ ਹਾਜ਼ਰਾ ਹਜ਼ੂਰ ਹਾਂ। "ਭਗਤ ਰਾਮਾਨੰਦ ਜੀ ਦਾ ਕਮਾਲ-ਮੈਂ ਸਾਰੇ ਵੇਦ-ਪੁਰਾਣ ਖੋਜ ਕੇ ਵੇਖੇ ਹਨ। ਹੋਰ ਕਿਤੇ ਮੰਦਰ, ਆਦਿ ਜਾਣ ਦੀ ਲੋੜ ਨਹੀਂ, ਲੋੜ ਤਾਂ ਪਵੇ ਜੇ ਇਥੇ ਘਰ ਵਿਚ ਨਾ ਹੋਵੇ। ਆਖਰੀ ਬਿਆਨ ਤਾਂ ਸਾਰੀ ਗੁਰਮਤਿ ਫਿਲਾਸਫੀ ਦਾ ਨਿਚੋੜ ਹੈ, ਭਗਤ ਜੀ ਕਹਿੰਦੇ ਹਨ- "ਮੈਂ ਆਪਣੇ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ ਕਿਉਂਕਿ ਉਸਨੇ ਮੇਰੇ ਸਾਰੇ ਭਰਮ ਤੋੜ ਕੇ ਪ੍ਰਭੂ ਵਿਚ ਸਮਾ ਜਾਣਾ ਸਿਖਾਇਆ ਹੈ, ਮੈਨੂੰ ਸਮਝ ਆ ਗਈ ਹੈ ਕਿ ਗੁਰੂ ਦਾ ਸ਼ਬਦ ਕਰੋੜਾਂ ਰਮਾਂ ਦਾ ਨਾਸ਼ ਕਰ ਸਕਦਾ ਹੈ। ਇਸਲਈ ਮੈਂ ਤਾਂ ਇਹ really ਸਮਝਦਾ ਹਾਂ ਕਿ ਜੋ ਗੁਰੁ ਹੁਕਮਾਂ ਤੇ ਚਲ ਕੇ ਆਪਣਾ ਜੀਵਨ ਸੁਧਾਰਨਾ ਚਾਹੁੰਦਾ ਹੈ ਉਸਦਾ ਹਿਰਦਾ ਸਦਾ ਹੀ ਹਰੇ ਭਰੇ ਖਿੜੇ ਬਾਗ ਵਰਗਾ ਹੋ ਜਾਏਗਾ ਕਿਉਂਕਿ ਇਸ ਹਰਿਆਵਲ ਨੂੰ ਖਤਮ ਕਰਨ ਵਾਲੀਆਂ ਗੱਲਾਂ ਹੀ ਨਹੀਂ ਰਹਿਣਗੀਆਂ-ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਨਾਮ ਦਾ ਵਪਾਰੀ, (1) ਪ੍ਰਭੂ ਦੇ ਪਿਆਰ ਵਿਚ ਸਾਰੀ ਦੁਨੀਆਂ ਦੇ ਲੋਕਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਵਾਂਗ ਪਿਆਰ ਕਰੇਗਾ ਅਤੇ (2) ਵਹਿਮਾਂ-ਭਰਮਾਂ ਤੋਂ ਦੂਰ ਉਹ ਹਮੇਸ਼ਾ ਅਨੰਦ ਮਾਣੇਗਾ ਤੇ ਆਪਣੇ ਭੈੜੇ ਕਰਮਾਂ ਦੇ ਸੜ ਜਾਣ ਦਾ ਡਰ ਵੀ ਨਹੀਂ ਲਗੇਗਾ। ਉਸ ਦੀ ਹਾਲਤ ਇਹੋ ਜਿਹੀ ਹੋ ਜਾਏਗੀ—

***(1) "ਰਾਜ ਲੀਲਾ ਤੇਰੈ ਨਾਮਿ ਬਨਾਇ ॥***
***ਜੋਗੁ ਬਨਿਆ ਤੇਰਾ ਕੀਰਤਨ ਗਾਈ ॥***
***ਸਰਬ ਸੁਖਾ ਬਨੇ ਤੇਰੈ ਓਲ੍ਹੈ ॥***
***ਭ੍ਰਮ ਕੇ ਪਰਦੇ ਸਤਿਗੁਰੂ ਖੋਲੈ ॥" (ਪੰਨਾ 385)***

***(2) "ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥***
***ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥***
***(ਪੰਨਾ 247)***

***(3) "ਅਨੰਦ ਮੂਲ ਧਿਆਇਓ ਪੁਰਖੋਤਮੁ***
***ਅਨਦਿਨੁ ਅਨਦ ਅਨੰਦੇ ॥........(ਪੰਨਾ 800)***